Tender Heart High School, Class-V (Punjabi) 01.05.23

Assignment-4 Gurpreet Kaur

Topic- ਪਾਠ-1 "ਬਾਗ਼ ਦੀ ਸੈਰ"

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਂ ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਸਾਹਿਤ ਦੇ ਵਿਸ਼ੇ ਨਾਲ ਸੰਬੰਧਿਤ ਪਾਠ-1 'ਬਾਗ਼ ਦੀ ਸੈਰ" ਦੀ ਪਿਛਲੀ ਅਭਿਆਸਮਾਲਾ ਨੂੰ ਹੱਲ ਕਰਨ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਸ ਲਈ ਸਾਰੇ ਵਿਦਿਆਰਥੀ ਆਪਣੀ ਸਾਹਿਤ ਦੀ ਕਿਤਾਬ "ਕਿਰਨਾਂ ਪੰਜਾਬੀ ਪਾਠਮਾਲਾ" ਦਾ ਪੰਨਾ ਨੰਬਰ-6 ਖੋਲ੍ਹਕੇ ਤਿਆਰ ਹੋਕੇ ਬੈਠੋ ਤਾਂ ਕਿ ਅਸੀਂ ਇਸ ਅਭਿਆਸ ਨੂੰ ਹੱਲ ਕਰਨਾ ਸ਼ੁਰੂ ਕਰ ਸਕੀਏ। ਆਓ, ਪਹਿਲਾਂ ਪੰਨਾ ਨੰਬਰ-6 ਤੇ ਦਿੱਤੇ ਬਹੁ-ਵਿਕਲਪੀ ਪ੍ਰਸ਼ਨ ਨੂੰ ਹੱਲ ਕਰਾਂਗੇ।

(ਕਿਤਾਬਾਂ ਵਿੱਚ ਹੱਲ ਕਰੋ)

**ਬਹੁ-ਵਿਕਲਪੀ ਪ੍ਰਸ਼ਨ**

ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਹੇਠਾਂ ਦਿੱਤੇ ਖਾਨਿਆਂ ਵਿੱਚ ਟਿੱਕ(✓) ਕਰੋ:-

**(ੳ) ਬਾਗ਼ ਵਿੱਚ ਕੀ ਖਿੜੇ ਹੋਏ ਦਿੱਸਦੇ ਹਨ?**

ਫਲ਼ ☐ ਫੁੱਲ ☑ ਪੱਤੇ ☐

**(ਅ) ਫਲ਼ ਕਿਹੋ ਜਿਹੇ ਲਟਕਦੇ ਦਿਖਾਈ ਦਿੰਦੇ ਹਨ?**

ਕੱਚੇ ☐ ਬੇਹੇ ☐ ਤਾਜ਼ੇ ☑

**(ੲ) ਫਲ਼ ਕਿਸ ਨੇ ਘੱਲੇ ਹਨ?**

ਮਾਲੀ ਨੇ ☐ ਬੰਦੇ ਨੇ ☐ ਕੁਦਰਤ ਨੇ ☑

**(ਸ) ਕੋਇਲ ਕਿਹੋ ਜਿਹੀ ਅਵਾਜ਼ ਕੱਢਦੀ ਹੈ?**

ਕੂਹ-ਕੂਹ ☑ ਪੀਹੂ-ਪੀਹੂ ☐ ਚੀਂ-ਚੀਂ ☐

ਆਓ, ਹੁਣ ਲਿਖਤੀ ਪ੍ਰਸ਼ਨ ਹੱਲ ਕਰੀਏ।

Tender Heart High School, Class - V (Punjabi)

Ch- 1 Gurpreet Kaur

ਲਿਖਤੀ :- (ਕਾਪੀਆਂ ਵਿੱਚ ਲਿਖੋ)

(ੳ) ਸਵੇਰੇ- ਸਵੇਰੇ ਬਾਗ਼ ਵਿੱਚ ਜਾਕੇ ਅਸੀਂ ਕੀ-ਕੀ ਵੇਖਦੇ ਹਾਂ ?
ਉੱਤਰ :- ਰੰਗ - ਬਰੰਗੇ ਫੁੱਲ, ਫਲ਼ ਅਤੇ ਪੰਛੀ।

(ਅ) ਕਿਸ ਪੰਛੀ ਨੇ ਬੋਲਾਂ ਵਿੱਚ ਮਿਸ਼ਰੀ ਘੋਲੀ ਹੈ ?
ਉੱਤਰ :- ਕੋਇਲ ਨੇ।

(ੲ) ਮੋਰ ਕਿਹੋ- ਜਿਹੀ ਤੋਰ ਤੁਰਦੇ ਹਨ ?
ਉੱਤਰ :- ਮਸਤਾਨੀ ਤੋਰ।

(ਸ) ਮੋਰ ਦੇ ਖੰਭ ਕਿਹੋ- ਜਿਹੇ ਰੰਗ ਦੇ ਹੁੰਦੇ ਹਨ ?
ਉੱਤਰ:- ਨੀਲੇ ਅਤੇ ਹਰੇ।

ਹੁਣ ਵਿਦਿਆਰਥੀ ਤਿੰਨ- ਮਿੰਟ ਇਸ ਅਭਿਆਸ ਨੂੰ ਰੋਕਕੇ ਪੜ੍ਹੇ ਹੋਏ ਪ੍ਰਸ਼ਨ- ਉੱਤਰ ਹੱਲ ਕਰਨਗੇ। ਬਹੁਵਿਕਲਪੀ ਪ੍ਰਸ਼ਨ ਤੁਸੀਂ ਕਿਤਾਬਾਂ ਵਿੱਚ ਹੱਲ ਕਰੋ ਅਤੇ ਲਿਖਤੀ- ਪ੍ਰਸ਼ਨ ਕਾਪੀਆਂ ਵਿੱਚ ਹੱਲ ਕਰੋ।

ਆਓ, ਹੁਣ ਅਗਲੇ ਪ੍ਰਸ਼ਨ ਹੱਲ ਕਰੀਏ :-

ਪ੍ਰਸ਼ਨ-2 ਖ਼ਾਲੀ ਥਾਵਾਂ ਭਰੋ :- (ਕਿਤਾਬਾਂ ਵਿੱਚ ਲਿਖੋ)

(ੳ) ਮੋਰ ਮਸਤਾਨੀ ਤੋਰ ਤੁਰਦਾ ਹੈ।

(ਅ) ਫਲ਼ ਤਾਜ਼ੇ ਖਾਣੇ ਚਾਹੀਦੇ ਹਨ।

(ੲ) ਸੁਹਣੇ ਪੰਛੀ ਪਿਆਰੇ ਲਗਦੇ ਹਨ।

(ਸ) ਪੈਲਾਂ ਪਾਉਂਦਾ ਮੋਰ ਚੰਗਾ ਲਗਦਾ ਹੈ।

Tender Heart High School, Class- V (Punjabi)

Ch-1 Gurpreet Kaur

(3) ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :- (ਕਾਪੀਆਂ ਵਿੱਚ ਲਿਖੋ)

1) ਬਾਗ਼ - ਬਾਗ਼ ਬਹੁਤ ਸੁਹਣਾ ਹੈ।

2) ਰੰਗ- ਬਿਰੰਗੇ - ਫੁੱਲ ਰੰਗ- ਬਿਰੰਗੇ ਹੁੰਦੇ ਹਨ।

3) ਪੰਛੀ - ਕਾਂ ਇੱਕ ਪੰਛੀ ਹੈ।

4) ਮਿਸ਼ਰੀ - ਮੈਨੂੰ ਮਿਸ਼ਰੀ ਪਸੰਦ ਹੈ।

5) ਖੰਭ - ਮੋਰ ਦੇ ਖੰਭ ਸੁਹਣੇ ਹੁੰਦੇ ਹਨ।

(4) ਸਹੀ, ਗ਼ਲਤ ਦਾ ਨਿਸ਼ਾਨ ਲਾਓ। (ਕਿਤਾਬਾਂ ਵਿੱਚ ਲਿਖੋ)

(ੳ) ਸਵੇਰ ਦੀ ਸੈਰ ਦੇ ਬਹੁਤ ਲਾਭ ਹਨ। (✓)

(ਅ) ਮੋਰ ਕੂਹ- ਕੂਹ ਦੀ ਅਵਾਜ਼ ਕੱਢਦਾ ਹੈ। (✗)

(ੲ) ਸਵੇਰੇ ਠੰਢੀਆਂ ਹਵਾਵਾਂ ਚੱਲਦੀਆਂ ਹਨ। (✓)

ਵਿਦਿਆਰਥੀ ਇਹ ਸਾਰੇ ਪ੍ਰਸ਼ਨ ਚੰਗੀ ਤਰ੍ਹਾਂ ਹੱਲ ਕਰਨ ਅਤੇ ਪੰਨਾ- 6 ਤੇ ਦਿੱਤੇ ਔਖੇ ਸ਼ਬਦਾਂ ਦੇ ਅਰਥ ਵੀ ਕਾਪੀਆਂ ਵਿੱਚ ਲਿਖਣ ਅਤੇ ਯਾਦ ਕਰਨ।

ਧੰਨਵਾਦ।

Last page- 3